# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ,
# ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ
# ਐੱਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

**ਵੱਲ:**

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ(ਵੈਬਸਾਈਟ ਰਾਹੀਂ)।

ਮੀਮੋ ਨੰ. ਸਸਅ/ਮੀਡੀਆ/2010/71249
ਮਿਤੀ: ਚੰਡੀਗੜ੍ਹ: 23.11.2010

**ਵਿਸ਼ਾ: ਚੌਥੀ ਅਤੇ ਪੰਜਵੀਂ ਜਮਾਤ ਦੀ ਦਸੰਬਰ ਮਹੀਨੇ ਦੀ ਤਿਮਾਹੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਚੌਥੀ ਅਤੇ ਪੰਜਵੀਂ ਜਮਾਤ ਦੀ ਦੂਜੀ ਤਿਮਾਹੀ ਦੀ ਪ੍ਰੀਖਿਆ, ਜੋ ਕਿ ਸਕੂਲ ਪੱਧਰ 'ਤੇ ਅਧਿਆਪਕਾਂ ਵੱਲੋਂ ਆਪ ਹੀ ਲਈ ਜਾਣੀ ਹੈ ਪਰ ਇਸਦੇ ਲਈ ਪ੍ਰਸ਼ਨ ਪੱਤਰ ਦਫ਼ਤਰ ਸਰਵ ਸਿੱਖਿਆ ਅਭਿਆਨ ਵੱਲੋਂ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਪੰਜਾਬ ਨੂੰ ਭੇਜੇ ਜਾ ਰਹੇ ਹਨ। ਇਹ ਪ੍ਰੀਖਿਆ ਹੇਠ ਲਿਖੀਆਂ ਮਿਤੀਆਂ ਅਨੁਸਾਰ ਹੋਵੇਗੀ।

| ਲੜੀ ਨੰ. | ਮਿਤੀ | ਦਿਨ | ਵਿਸ਼ਾ | ਸਮਾਂ |
|---|---|---|---|---|
| 1 | 01-12-10 | ਬੁੱਧਵਾਰ | ਗਣਿਤ | 1:00 ਵਜੇ ਤੋਂ 3:00 ਵਜੇ ਤੱਕ |
| 2 | 02-12-10 | ਵੀਰਵਾਰ | ਹਿੰਦੀ | 1:00 ਵਜੇ ਤੋਂ 3:00 ਵਜੇ ਤੱਕ |
| 3 | 03-12-10 | ਸ਼ੁੱਕਰਵਾਰ | ਅੰਗ੍ਰੇਜ਼ੀ | 1:00 ਵਜੇ ਤੋਂ 3:00 ਵਜੇ ਤੱਕ |
| 4 | 04-12-10 | ਸ਼ਨੀਵਾਰ | ਵਾਤਾਵਰਣ ਸਿੱਖਿਆ | 1:00 ਵਜੇ ਤੋਂ 3:00 ਵਜੇ ਤੱਕ |
| 5 | 06-12-10 | ਸੋਮਵਾਰ | ਪੰਜਾਬੀ | 1:00 ਵਜੇ ਤੋਂ 3:00 ਵਜੇ ਤੱਕ |

3.0 ਪੇਪਰ ਦਾ ਸਮਾਂ 1:00 ਵਜੇ ਤੋਂ 3:00 ਵਜੇ ਤੱਕ ਹੋਵੇਗਾ। ਪੇਪਰ ਸਮੇਂ ਸਿਰ ਸ਼ੁਰੂ ਕੀਤਾ ਜਾਵੇ ਅਤੇ ਸਮੇਂ ਸਿਰ ਹੀ ਖਤਮ ਕੀਤਾ ਜਾਵੇ।

4.0 ਪ੍ਰਸ਼ਨ ਪੱਤਰ ਸਮੇਂ ਸਿਰ ਸਕੂਲਾਂ ਤੱਕ ਪਹੁੰਚਾਉਣ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਬੀ.ਆਰ.ਪੀ ਦੀ ਹੋਵੇਗੀ।

6.0. ਕਿਸੇ ਸਕੂਲ ਵਿਚ ਪ੍ਰਸ਼ਨ ਪੱਤਰ ਘੱਟ ਹੋਣ ਦੀ ਸੂਰਤ ਵਿਚ ਲੋੜੀਂਦੇ ਪੇਪਰਾਂ ਸਬੰਧੀ ਬੀ.ਪੀ.ਈ.ਓ ਦਫ਼ਤਰ ਦੇ ਸਬੰਧਤ ਬੀ.ਆਰ.ਪੀ ਨਾਲ ਸੰਪਰਕ ਕੀਤਾ ਜਾਵੇ।

7.0 ਨਕਲ ਰਹਿਤ ਪ੍ਰੀਖਿਆ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਪੂਰੀ ਤਰਾਂ ਜ਼ਿੰਮੇਵਾਰ ਹੋਣਗੇ।

8.0 ਜਿਨ੍ਹਾਂ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਵੇ ਅਤੇ ਅਧਿਆਪਕ ਘੱਟ ਹੋਣ ਤਾਂ ਉੱਥੇ ਬੀ.ਐਮ.ਟੀ/ਸੀ.ਐਮ.ਟੀ/ਪੀ.ਸੀ.ਸੀ ਦੀ ਡਿਊਟੀ ਜ਼ਿਲ੍ਹਾ ਕੋਆਰਡੀਨੇਟਰ ਪੂਰੀ ਪਲਾਨਿੰਗ ਅਨੁਸਾਰ ਲਗਾ ਸਕਦਾ ਹੈ ਤਾਂ ਜੋ ਅਧਿਆਪਕ ਨੂੰ ਸਹੀ ਤਰੀਕੇ ਨਾਲ ਕੰਮ ਕਰਵਾਉਣ ਵਿਚ ਮਦਦ ਮਿਲ ਸਕੇ।

9.0 ਵਿਦਿਆਰਥੀਆਂ ਦੀਆਂ ਉੱਤਰ ਕਾਪੀਆਂ ਇੱਕ ਹਫ਼ਤੇ ਦੇ ਅੰਦਰ ਅੰਦਰ ਚੈੱਕ ਹੋ ਜਾਣੀਆਂ ਚਾਹੀਦੀਆਂ ਹਨ ਅਤੇ ਵਿਦਿਆਰਥੀ ਦੇ ਪ੍ਰਾਪਤ ਅੰਕ/ਗਰੇਡ ਨੂੰ ਪ੍ਰਗਤੀ ਰਜਿਸਟਰ/ਪ੍ਰਗਤੀ ਕਾਰਡ 'ਤੇ ਨਾਲ ਹੀ ਨਾਲ ਦਰਜ਼ ਕਰ ਲਿਆ ਜਾਵੇ।

10.0 ਵਿਦਿਆਰਥੀਆਂ ਨੂੰ ਕਿਸੇ ਵੀ ਹਾਲਤ 'ਚ ਪ੍ਰਾਪਤ ਅੰਕ ਨਹੀਂ ਦੱਸੇ ਜਾਣਗੇ ਸਿਰਫ਼ ਪ੍ਰਾਪਤ ਗਰੇਡ ਹੀ ਦੱਸਿਆ ਜਾਵੇਗਾ।

11.0 ਵਿਦਿਆਰਥੀਆਂ ਦੇ ਅੰਕ/ਗਰੇਡ ਨੂੰ ਪ੍ਰਗਤੀ ਰਜਿਸਟਰ ਅਤੇ ਪ੍ਰਗਤੀ ਕਾਰਡ ਵਿਚ ਭਰਨ ਸਮੇਂ ਅੰਕਾਂ ਅਨੁਸਾਰ ਗਰੇਡਿੰਗ ਪ੍ਰਣਾਲੀ ਇਸ ਤਰਾਂ ਹੋਵੇਗੀ:-

| | |
|---|---|
| ਗਰੇਡ ਏ: | 80 % ਜਾਂ ਵੱਧ |
| ਗਰੇਡ ਬੀ: | 79% ਤੋਂ 65% |
| ਗਰੇਡ ਸੀ: | 64% ਤੋਂ 50% |
| ਗਰੇਡ ਡੀ: | 49% ਤੋਂ 35% |
| ਗਰੇਡ ਈ: | 35% ਤੋਂ ਘੱਟ |

12.0 ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ ਦਾ ਰਿਕਾਰਡ ਸਕੂਲ ਵਿਚ ਬਕਾਇਦਾ ਰੱਖਿਆ ਜਾਵੇਗਾ। ਵਿਸ਼ੇ ਅਤੇ ਜਮਾਤ ਅਨੁਸਾਰ ਉੱਤਰ ਪੱਤਰੀਆਂ ਨੂੰ ਸੰਭਾਲਣ ਲਈ ਫਾਈਲ ਕਵਰ ਜਾਂ ਲਿਫ਼ਾਫ਼ੇ ਵਰਤੇ ਜਾਣ।

13.0 ਬਿਮਾਰੀ ਜਾਂ ਕਿਸੇ ਹੋਰ ਕਾਰਨਾਂ ਕਰਕੇ ਜੇਕਰ ਕੋਈ ਵਿਦਿਆਰਥੀ ਨਿਰਧਾਰਿਤ ਮਿਤੀ ਨੂੰ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਅਧਿਆਪਕ ਉਸ ਬੱਚੇ ਦੀ ਪ੍ਰੀਖਿਆ ਉਸ ਦਿਨ ਜ਼ਰੂਰ ਲਏਗਾ ਜਿਸ ਦਿਨ ਉਹ ਬੱਚਾ ਦੁਬਾਰਾ ਸਕੂਲ ਹਾਜ਼ਰ ਹੋਵੇਗਾ।

15.0 ਮਾਪੇ ਅਧਿਆਪਕ ਮਿਲਣੀ ਮਹੀਨੇ ਦੇ ਆਖਰੀ ਸ਼ਨਿੱਚਰਵਾਰ ਅੱਧੀ ਛੁੱਟੀ ਤੋਂ ਬਾਅਦ ਕਰਵਾਈ ਜਾਵੇ। ਇਸ ਦੌਰਾਨ ਮਾਪਿਆਂ ਨੂੰ ਬੱਚਿਆਂ ਦੀ ਪ੍ਰਗਤੀ ਤੋਂ ਜਾਣੂੰ ਵੀ ਕਰਵਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ/71250 ਮਿਤੀ 23.11.2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:-

(1)ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**